# 'ਸੰਤਾਪੇ ਲੋਕ' ਕਹਾਣੀ ਸੰਗ੍ਰਹਿ ਵਿੱਚ ਸਮਾਜਿਕ ਯਥਾਰਥ

**ਡਾ. ਗੁਰਪ੍ਰੀਤ ਕੌਰ**

ਸਹਾਇਕ ਪ੍ਰੋਫ਼ੈਸਰ(ਪੰਜਾਬੀ), ਸ੍ਰੀ ਗੁਰੂ ਤੇਗ਼ ਬਹਾਦਰ ਖ਼ਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ

**ਅਮੂਰਤ**

ਕਹਾਣੀ ਅਤੇ ਜੀਵਨ ਦੀ ਪੀੜੀ ਸਾਂਝ ਹੈ, ਜੀਵਨ ਇੱਕ ਕਹਾਣੀ ਹੈ ਅਤੇ ਕਹਾਣੀ ਜੀਵਨ ਦੀ ਗਵਾਹ। ਸਾਹਿਤਕਾਰ ਇਨਾਂ ਦੀ ਬੁਣਤੀ ਬੁਣਦੇ ਜੀਵਨ ਦੀ ਹਰ ਤੰਦ ਨੂੰ ਦਰਸਾਉਂਦੇ ਹਨ ਜੋ ਜੀਵਨ ਭੇਦ ਵੀ ਦਿੰਦੀਆਂ ਹਨ ਜੀਵਨ ਜਾਂਚ ਦੇ ਹੱਲ ਵੀ ਪੇਸ਼ ਕਰਦੀਆਂ ਹਨ।'ਸੰਤਾਪੇ ਲੋਕ' ਕਹਾਣੀ-ਸੰਗ੍ਰਹਿ ਵਿੱਚ ਲੇਖਿਕਾ ਨੇ ਸਮਾਜ ਵਿੱਚਲੀਆਂ ਛੋਟੀਆਂ-ਛੋਟੀਆਂ ਘਟਨਾਵਾਂ ਨੂੰ ਮੂਰਤੀਮਾਨ ਕੀਤਾ ਹੈ, ਜੋ ਪਾਠਕ ਦੇ ਮਨ ਉੱਤੇ ਗਹਿਰਾ ਪ੍ਰਭਾਵ ਪਾਉਂਦੀਆਂ ਹਨ। ਕਹਾਣੀਕਾਰਾ ਨੇ ਸਮਾਜ ਵਿੱਚ ਰਿਸ਼ਤਿਆਂ ਦੀ ਮਹੱਤਤਾ, ਔਰਤ ਨੂੰ ਸਮਾਜ ਵਿੱਚ ਮਰਦ ਦੇ ਬਰਾਬਰ ਅਧਿਕਾਰ ਦੇਣ ਅਤੇ ਖੁਸਰਾ ਵਰਗ ਨੂੰ ਮੰਗਣਾ ਛੱਡ ਕੇ ਹੱਥੀਂ ਕਿਰਤ ਕਰਨ ਲਈ ਚੇਤੰਨ ਕਰਨ ਵਾਲੀਆਂ ਘਟਨਾਵਾਂ ਦੇ ਬਿਰਤਾਤਾਂ ਰਾਹੀਂ ਸਮਾਜਿਕ ਯਥਾਰਥ ਨੂੰ ਬਾਖ਼ੂਬੀ ਰੂਪਮਾਨ ਕੀਤਾ ਹੈ।

**ਕੁੰਜੀ ਸ਼ਬਦ:** ਕਹਾਣੀ, ਜੀਵਨ ਘਟਨਾਵਾਂ, ਲਿੰਗ ਭੇਦ, ਸਮਾਜਿਕ ਯਥਾਰਥ।

'ਸੰਤਾਪੇ ਲੋਕ' ਕਹਾਣੀ ਸੰਗ੍ਰਹਿ ਡਾ. ਮਧੂਬਾਲਾ ਦੀ ਸਿਰਜਣਾ ਹੈ। ਡਾ. ਮਧੂਬਾਲਾ ਨੇ ਪੰਜਾਬੀ ਅਤੇ ਹਿੰਦੀ ਸਾਹਿਤ ਵਿੱਚ ਕਈ ਪੁਸਤਕਾਂ ਰਚ ਕੇ ਜਿੱਥੇ ਸਾਹਿਤ ਨੂੰ ਅਮੀਰੀ ਬਖ਼ਸ਼ੀ, ਉੱਥੇ ਹੀ ਕਈ ਪੁਸਤਕਾਂ ਦਾ ਪੰਜਾਬੀ ਤੋਂ ਹਿੰਦੀ ਅਤੇ ਹਿੰਦੀ ਤੋਂ ਪੰਜਾਬੀ ਭਾਸ਼ਾ ਵਿੱਚ ਅਨੁਵਾਦ ਕਰਕੇ ਵਿਸ਼ੇਸ਼ ਨਾਮਣਾ ਖੱਟਿਆ ਹੈ। ਹੱਥਲੇ ਕਹਾਣੀ ਸੰਗ੍ਰਹਿ 'ਸੰਤਾਪੇ ਲੋਕ' ਵਿੱਚ ਕੁੱਲ ਚੌਦਾਂ ਕਹਾਣੀਆਂ ਸ਼ਾਮਿਲ ਹਨ ,ਜਿਨ੍ਹਾਂ ਵਿੱਚ ਲੇਖਿਕਾ ਨੇ ਸਮਾਜ ਵਿੱਚਲੀਆਂ ਛੋਟੀਆਂ- ਛੋਟੀਆਂ ਘਟਨਾਵਾਂ ਨੂੰ ਮੂਰਤੀਮਾਨ ਕੀਤਾ ਹੈ, ਜੋ ਪਾਠਕ ਦੇ ਮਨ ਉੱਤੇ ਗਹਿਰਾ ਪ੍ਰਭਾਵ ਪਾਉਂਦੀਆਂ ਹਨ।

ਡਾ. ਮਧੂਬਾਲਾ ਨੇ 'ਨਿੱਘ' ਕਹਾਣੀ ਵਿੱਚ ਪਿਤਾ ਦੇ ਆਪਣੀ ਧੀ ਪ੍ਰਤੀ ਮੋਹ ਅਤੇ ਸੱਭਿਆਚਾਰਕ ਰਹੁ ਰੀਤਾਂ ਨੂੰ ਪ੍ਰਗਟ ਕੀਤਾ ਹੈ।ਪਿਓ ਆਪਣੀ ਧੀ ਦੇ ਸਹੁਰੇ ਘਰ ਖਾਲੀ ਹੱਥ ਨਹੀਂ ਜਾਂਦਾ ਸਗੋਂ ਉਸ ਲਈ ਪੰਜ ਕਿਲੋ ਅਮਰੂਦ ਲੈ ਕੇ ਜਾਂਦਾ ਹੈ ਜਿਸ ਵਿੱਚ ਪਿਤਾ ਦਾ ਪਿਆਰ ਤੇ ਨਿੱਘ ਛੁਪਿਆ ਹੁੰਦਾ ਹੈ। ਅਜੋਕੇ ਦੌਰ ਵਿੱਚ ਬੇਸ਼ੱਕ ਨੈਤਿਕ ਕਦਰਾਂ ਕੀਮਤਾਂ ਵਿੱਚ ਗਿਰਾਵਟ ਆਈ ਹੈ, ਭਾਵਨਾਵਾਂ ਦੀ ਕੋਈ ਕਦਰ ਨਹੀਂ, ਮਾਨਵਤਾ ਉੱਪਰ ਪਦਾਰਥ ਭਾਰੂ ਪੈ ਰਿਹਾ ਹੈ । ਪਰ ਮੋਹ ਤੇ ਉਸ ਮੋਹ ਵਿੱਚੋਂ ਮਿਲਦਾ ਨਿੱਘ ਹੁਣ ਵੀ ਕਾਇਮ ਹੈ। ਲੇਖਿਕਾ ਇੱਕ ਨਿੱਕੀ ਜਿਹੀ ਘਟਨਾ ਰਾਹੀਂ ਇੱਕ ਵੱਡੇ ਸੱਚ ਨੂੰ ਮੂਰਤੀਮਾਨ ਕਰਦੀ ਹੈ। ਹਰਿਆਣਵੀ ਡਰਾਈਵਰ ਦਾ ਆਪਣੀ ਧੀ ਲਈ ਸੰਧਾਰੇ ਦੇ ਰੂਪ ਵਿੱਚ ਵਸਤਾਂ ਲੈ ਕੇ ਜਾਣਾ ਜਿੱਥੇ ਪਿਆਰ ਦਾ ਪ੍ਰਤੀਕ ਹੋ ਨਿਬੜਦਾ ਹੈ, ਉੱਥੇ ਹੀ ਸੱਭਿਆਚਾਰਕ ਰਹੁ-ਰੀਤਾਂ ਨਾਲ ਜੁੜੀ ਮਾਨਸਿਕਤਾ ਦਾ ਪ੍ਰਗਟਾਵਾ ਕਰਦਾ ਹੈ। ਲੇਖਿਕਾ ਡਰਾਇਵਰ ਦੇ ਮੂੰਹੋਂ ਕਹਾਉਂਦੀ ਹੈ ਜਦੋਂ ਉਹ ਮੈਂ ਪਾਤਰ ਨੂੰ ਕਹਿੰਦਾ ਹੈ, "ਭੈਣ ਜੀ ਆਪ ਕੋ ਜਬ ਕਬੀ ਜ਼ਰੂਰਤ ਹੋ ਬੋਲ ਦੇਨਾ ਦੂਧ ਲੱਸੀ ਕੀ ਕੋਈ ਕਮੀ ਨਾ ਹੈ ਆਪਣੇ ਘਰ ਮੇਂ। ਅਰ ਕਦੇ-ਕਦੇ ਤੋਂ ਕੈਨੀ ਮੇਰੇ ਧੋਰੇ ਈ ਹੋਵੈ ਹੈ, ਬੇਟੀ ਨੈ ਦਿਆ ਜਾਵੈ ਕਿ ਭੈਣ ਨੈ ਏਕੇ ਬਾਤ ਹੈ"। [1]

'ਮਦਦ' ਕਹਾਣੀ ਵਿੱਚ ਕਹਾਣੀਕਾਰਾਂ ਨੇ ਔਰਤਾਂ ਦੇ ਪੱਖ ਵਿੱਚ ਦਲੀਲ ਪੇਸ਼ ਕੀਤੀ ਹੈ ਕਿ ਜਦੋਂ ਤੱਕ ਪੁਰਸ਼ ਔਰਤ ਦੀਆਂ ਭਾਵਨਾਵਾਂ ਤੇ ਇਸ ਗੱਲ ਨੂੰ ਨਹੀਂ ਮੰਨਦਾ ਕਿ ਔਰਤ ਇੱਕ ਵਸਤੂ ਨਹੀਂ ਬਲਕਿ ਉਸ ਬਰਾਬਰ ਹੀ ਉਸ ਵਰਗੀ ਭਾਵਨਾ ਰੱਖਣ ਵਾਲੀ ਪਰਮਾਤਮਾ ਦੀ ਸੋਹਣੀ ਰਚਨਾ ਹੈ ਉਦੋਂ ਤਕ ਸਮਾਜ ਵਿੱਚ ਸੁਧਾਰ ਨਹੀਂ ਹੋ ਸਕਦਾ। ਔਰਤ ਮਰਦ ਨਾਲ ਕਈ ਤਰ੍ਹਾਂ ਦੇ ਰਿਸ਼ਤੇ ਚੰਗੀ ਤਰ੍ਹਾਂ ਨਿਭਾ ਸਕਦੀ ਹੈ ਪਰੰਤੂ ਗ਼ੈਰ ਮਰਦ ਔਰਤ ਨਾਲ ਕੇਵਲ ਜਿਸਮਾਨੀ ਰਿਸ਼ਤਾ ਹੀ ਰੱਖਦਾ ਹੈ। ਲੇਖਿਕਾ ਇਸ ਮਦਦ ਦੀ ਉਡੀਕ ਵਿੱਚ ਰਹਿੰਦੀ ਹੈ ਕਿ ਕਦੋਂ ਕੋਈ ਔਰਤ ਨੂੰ ਸਮਾਜ ਵਿੱਚ ਉਸ ਦਾ ਬਣਦਾ ਅਧਿਕਾਰ ਦਿਵਾਏਗਾ।

'ਮੇਲਾ' ਨਾਮੀ ਕਹਾਣੀ ਵਿੱਚ ਲੇਖਿਕਾ ਨੇ ਰਾਮਲੀਲਾ ਦੇ ਮੌਕੇ ਤੇ ਲੱਗਣ ਵਾਲੇ ਮੇਲੇ ਦਾ ਜ਼ਿਕਰ ਕੀਤਾ ਹੈ।ਜਿਸ ਵਿੱਚ ਲੋਕਾਂ ਲਈ ਦੁਸਹਿਰੇ ਦੇ ਮੇਲੇ ਦਾ ਇੰਨਾ ਹੀ ਮਤਬਲ ਸੀ ਕਿ ਭੀੜ ਭਰਿਆ

ਵਾਤਾਵਰਨ, ਰਾਵਣ ਦਾ ਫੂਕਿਆ ਜਾਣਾ, ਖਾਣ ਪੀਣ ਦੀਆਂ ਰੇਹੜੀਆਂ ਤੋਂ ਸਾਮਾਨ ਖ਼ਰੀਦ ਕੇ ਖਾਣਾ ਅਤੇ ਬੱਚਿਆਂ ਵੱਲੋਂ ਗੁਬਾਰੇ ਲੈਣਾ। ਮੇਲੇ ਵਿੱਚ ਭੀੜ ਬੇਕਾਬੂ ਹੋ ਗਈ ਤੇ ਲੇਖਿਕਾ ਆਪਣੇ ਬੀਜੀ ਬਾਊ ਜੀ ਨਾਲੋਂ ਵਿਛੜ ਗਈ। ਫਿਰ ਜਦੋਂ ਆਪਣੇ ਘਰ ਵੱਲ ਜਾ ਰਹੀ ਸੀ ਤਾਂ ਅੱਗੇ ਦੇਖਦੀ ਹੈ ਕਿ ਉਹੀ ਗੁਬਾਰੇ ਵਾਲਾ ਜੋ ਲੋਕਾਂ ਦੇ ਬੱਚਿਆਂ ਨੂੰ ਖੁਸ਼ੀਆਂ ਦੇ ਰਿਹਾ ਸੀ ਉਸਦਾ ਆਪਣਾ ਬੇਟਾ ਜਿਸ ਦੇ ਉੱਜਲ ਭਵਿੱਖ ਵਾਸਤੇ ਉਹ ਗੁਬਾਰੇ ਵੇਚਦਾ ਸੀ, ਬੇਕਾਬੂ ਭੀੜ ਦੇ ਪੈਰਾਂ ਹੇਠ ਦੱਬੇ ਜਾਣ ਕਰਕੇ ਸਦਾ ਦੀ ਨੀਂਦ ਸੌਂ ਜਾਂਦਾ ਹੈ। ਲੇਖਿਕਾ ਨੇ ਇਸ ਕਹਾਣੀ ਰਾਹੀਂ ਲੋਕਾਂ ਨੂੰ ਸੰਦੇਸ਼ ਵੀ ਦਿੱਤਾ ਹੈ ਕਿ ਉਹ ਤਿਉਹਾਰਾਂ ਤੇ ਲੱਗਣ ਵਾਲੇ ਮੇਲਿਆਂ ਵਿੱਚ ਸ਼ਾਂਤੀਪੂਰਵਕ ਵਿਚਰਨ ਤਾਂ ਜੋ ਉਨ੍ਹਾਂ ਦੀ ਭੀੜ ਦੇ ਬੇਕਾਬੂ ਹੋਣ ਨਾਲ ਕਿਸੇ ਘਰ ਦਾ ਚਿਰਾਗ ਨਾ ਬੁੱਝ ਜਾਵੇ।

'ਬੱਸ ਰੂਟ' ਕਹਾਣੀ ਵਿੱਚ ਲੇਖਿਕਾ ਨੇ ਦੱਸਿਆ ਕਿ ਕੁਝ ਨਿਯਮ ਕੁਦਰਤ ਦੇ ਬਣਾਏ ਹੁੰਦੇ ਹਨ, ਕੁਝ ਸਮਾਜ ਦੇ ਅਤੇ ਕੁਝ ਵਿਅਕਤੀ ਖੁਦ ਹੀ ਬਣਾਉਂਦਾ ਹੈ। ਬੱਸ ਰੂਟ ਉਹ ਨਹੀਂ ਹੁੰਦਾ ਜਿੱਥੋਂ ਬੱਸ ਜਾਵੇ ਸਗੋਂ ਉਹ ਹੁੰਦਾ ਹੈ ਜਿੱਥੋਂ ਮੁਸਾਫ਼ਰ ਸਫ਼ਰ ਕਰੇ। ਰਸਤਾ ਆਦਮੀ ਖ਼ੁਦ ਬਣਾਉਂਦਾ ਹੈ ਤੇ ਜਿਹੜਾ ਰਸਤਾ ਮਨੁੱਖ ਨੂੰ ਸ਼ਾਂਤੀ ਦਿੰਦਾ ਹੈ ਉਹੀ ਸਹੀ ਰੂਟ ਹੁੰਦਾ ਹੈ।

'ਕਿੱਥੋਂ ਤੋਂ ਕਿੱਥੇ' ਅਤੇ 'ਇੰਟਰਵਿਊ' ਕਹਾਣੀਆਂ ਵਿੱਚ ਸਮਾਜ ਵਿੱਚ ਫੈਲੇ ਭ੍ਰਿਸ਼ਟਾਚਾਰ ਨੂੰ ਮੂਰਤੀਮਾਨ ਕੀਤਾ ਗਿਆ ਹੈ। ਕਹਾਣੀ 'ਕਿੱਥੋਂ ਤੇ ਕਿੱਥੇ' ਵਿੱਚ ਇੱਕ ਦਫ਼ਤਰ ਵਿੱਚ ਹੁੰਦੇ ਭ੍ਰਿਸ਼ਟਾਚਾਰ ਨੂੰ ਰੂਪਮਾਨ ਕੀਤਾ ਗਿਆ ਹੈ। ਮੈਂ ਪਾਤਰ ਜਿਸ ਦਫ਼ਤਰ ਵਿੱਚ ਕੰਮ ਕਰਦੀ ਹੈ ਉੱਥੇ ਲਿਖੀ ਸਤਰ ਉਸ ਨੂੰ ਆਦਰਸ਼ ਜਾਪਦੀ ਹੈ 'ਦੇਸ਼ ਦੇ ਕਾਨੂੰਨ ਦੇ ਵਿਰੁੱਧ ਕੰਮ ਕਰਨ ਲਈ ਸਾਨੂੰ ਮਜ਼ਬੂਰ ਨਾ ਕਰੋ'[2] ਇਹ ਵਾਕ ਉਸ ਦਫ਼ਤਰ ਲਈ ਸ਼ਾਨ ਜਾਪਦਾ ਹੈ। ਕਈ ਸਾਲ ਕੰਮ ਕਰਨ ਉਪਰੰਤ ਮੈਂ ਪਾਤਰ ਨੂੰ ਪਤਾ ਲਗਦਾ ਹੈ ਕਿ ਇਹ ਦਫ਼ਤਰ ਤਾਂ ਜਾਅਲੀ ਸਾਜੀ ਦਾ ਡੇਰਾ ਹੈ ਉਸ ਦਾ ਮੈਨੇਜਰ ਮੰਤਰੀਆਂ ਦੇ ਲੈਟਰਪੈਡ ਦਾ ਗਲਤ ਇਸਤੇਮਾਲ ਕਰਕੇ ਲੋਕਾਂ ਨੂੰ ਨੌਕਰੀ ਦਾ ਝਾਂਸਾ ਦੇ ਕੇ ਪੈਸੇ ਕਮਾਉਂਦਾ ਸੀ ਤੇ ਉਹ ਆਦਰਸ਼ਵਾਦੀ ਸਤਰ ਉਸ ਦੇ ਕਾਲੇ ਧੰਦੇ ਦਾ ਪਰਦਾ ਬਣੀ ਹੋਈ ਸੀ। ਮੈਂ ਪਾਤਰ ਨੂੰ ਉਸੇ ਸਮੇਂ ਨੌਕਰੀ ਛੱਡਣ ਦਾ ਖਿਆਲ ਆਉਂਦਾ ਹੈ ਪਰ ਨਾਲ ਹੀ ਅਹਿਸਾਸ ਹੁੰਦਾ ਹੈ ਕਿ ਜੇਕਰ ਮੈਨੇਜਰ ਨੂੰ ਪਤਾ ਲੱਗਿਆ ਕਿ ਉਸ ਦਾ ਰਾਜ਼ ਖੁੱਲ੍ਹ ਗਿਆ ਹੈ ਤਾਂ ਉਸ ਲਈ ਪ੍ਰੇਸ਼ਾਨੀਆਂ ਵੀ ਪੈਦਾ ਕਰ ਸਕਦਾ ਹੈ। ਇਸ ਲਈ ਮੈਨੇਜਰ ਦੇ ਸੱਚ ਨੂੰ ਸਮਾਜ ਸਾਹਮਣੇ ਲਿਆਉਣ ਜਾਂ ਉਸ ਨੂੰ ਕਾਨੂੰਨੀ ਸਜ਼ਾ ਦਿਵਾਉਣ ਦੀ ਬਜਾਏ ਚੁੱਪ ਰਹਿਣਾ ਹੀ ਵਧੇਰੇ ਠੀਕ ਸੀ। ਆਪਣੇ ਘਰ ਪਰਿਵਾਰ ਦੀ ਸੁੱਖ ਸ਼ਾਂਤੀ ਲਈ ਮਨੁੱਖ ਕਈ ਪਾਪੜ ਵੇਲਦਾ ਹੈ ਮੁਸ਼ਕਿਲ ਤਾਂ ਉਦੋਂ ਹੁੰਦੀ ਹੈ ਜਦੋਂ ਆਪਣੀ ਸੁੱਖ ਸਹੂਲਤ ਲਈ ਦੂਸਰਿਆਂ ਦੀ ਜ਼ਿੰਦਗੀ ਵਿੱਚ ਜ਼ਹਿਰ ਘੋਲ ਦਿੰਦਾ ਹੈ।

ਇੰਟਰਵਿਊ ਕਹਾਣੀ ਜਿੱਥੇ ਸਾਡੇ ਸਮਾਜ ਵਿੱਚ ਸ਼ਰਾਫ਼ਤ ਦੇ ਮਖੋਟਿਆਂ ਪਿੱਛੇ ਛੁਪੇ ਹੋਏ ਕੋਝੇ ਚਿਹਰਿਆਂ ਨੂੰ ਬੇਪਰਦਾ ਕਰਦੀ ਹੈ ਉੱਥੇ ਹੀ ਵਿੱਦਿਅਕ ਪ੍ਰਣਾਲੀ ਵਿੱਚ ਆਏ ਨਿਘਾਰ ਦੀ ਤਸਵੀਰ ਨੂੰ ਰੂਪਮਾਨ ਕਰਦੀ ਹੈ। ਉੱਚ ਸਿੱਖਿਆ ਪ੍ਰਾਪਤ ਵਰਗ ਬੇਰੁਜ਼ਗਾਰ ਹੈ। ਰੁਜ਼ਗਾਰ ਪ੍ਰਾਪਤੀ ਦੇ ਰਸਤੇ ਵਿੱਚ ਦਰਪੇਸ਼ ਮੁਸ਼ਕਿਲਾਂ ਉਸ ਦੀ ਮਾਨਸਿਕਤਾ ਨੂੰ ਬੁਰੀ ਤਰ੍ਹਾਂ ਝੰਜੋੜਦੀਆਂ ਹਨ। ਰੁਜ਼ਗਾਰ ਪ੍ਰਾਪਤੀ ਲਈ ਇੰਟਰਵਿਊ ਲਈ ਗਿਆ ਉਮੀਦਵਾਰ ਸੰਸਕ੍ਰਿਤ ਭਾਸ਼ਾ ਵਿੱਚ ਪੀ-ਐੱਚ.ਡੀ. ਦੀ ਡਿਗਰੀ ਪ੍ਰਾਪਤ ਹੈ। ਆਪਣੀ ਵਿੱਦਿਅਕ ਯੋਗਤਾ ਦੀ ਪਰਖ ਮਜ਼ਬੂਰਨ ਉਸ ਨੂੰ ਉਨ੍ਹਾਂ ਲੋਕਾਂ ਦੇ ਸਾਹਮਣੇ ਦੇਣੀ ਪੈਂਦੀ ਹੈ ਜੋ ਉਸ ਦੇ ਵਿਸ਼ੇ ਸਬੰਧੀ ਕੋਰੇ ਅਨਪੜ੍ਹ ਹਨ। ਕਹਾਣੀ ਦਾ ਸਰੋਕਾਰ ਸਮਾਜ ਵਿੱਚ ਪੜ੍ਹੀ- ਲਿਖੀ ਨੌਜਵਾਨ ਪੀੜ੍ਹੀ ਅਤੇ ਆਧੁਨਿਕ ਸਿੱਖਿਆ ਦੇ ਹੋ ਰਹੇ ਮਸ਼ੀਨੀਕਰਨ ਨਾਲ ਜੁੜ ਜਾਂਦਾ ਹੈ, ਜਿੱਥੇ ਸਿੱਖਿਆ ਦਾ ਮਿਆਰ ਖ਼ਤਰੇ ਵਿੱਚ ਜਾਪਦਾ ਹੈ। ਇੰਟਰਵਿਊ ਦੌਰਾਨ ਮੈਂ ਪਾਤਰ ਅਜੋਕੇ ਸਿੱਖਿਆ ਸਿਸਟਮ ਵੱਲ ਇਸ਼ਾਰਾ ਕਰਦਾ ਹੈ ਕਿ,"ਜੀ ਆਧੁਨਿਕ ਸਿੱਖਿਆ ਦਾ ਮਸ਼ੀਨੀਕਰਨ ਹੋ ਚੁੱਕਿਆ ਹੈ ਅਧਿਐਨ ਤੇ ਅਧਿਆਪਨ ਦੋਵੇਂ ਹੀ ਕੰਮ ਮਸ਼ੀਨ ਅਰਥਾਤ ਕੰਪਿਊਟਰ ਨਾਲ ਹੋਣ ਲੱਗ ਪਏ ਹਨ। ਮਸ਼ੀਨੀ ਯੁੱਗ ਦਾ ਮਸ਼ੀਨੀ ਮਨੁੱਖ ਭਾਵਨਾਵਾਂ ਤੋਂ ਦੂਰ ਹੁੰਦਾ ਜਾ ਰਿਹਾ ਹੈ। ਉਤਪਾਦਨ ਅਤੇ ਸਿਰਫ਼ ਉਤਪਾਦਨ ਨਾ ਬਦਲ, ਨਾ ਪਰਿਵਰਤਨ"[3]।

'ਰਿਸ਼ਤੇ' ਕਹਾਣੀ ਵਿੱਚ ਕਹਾਣੀਕਾਰਾ ਨੇ ਮਨੁੱਖੀ ਜੀਵਨ ਵਿੱਚ ਰਿਸ਼ਤਿਆਂ ਦੀ ਮਹੱਤਤਾ ਨੂੰ ਦਰਸਾਇਆ ਤੇ ਨਾਲ ਹੀ ਇਨ੍ਹਾਂ ਰਿਸ਼ਤਿਆਂ ਨਾਲ ਜੁੜੇ ਅਨੇਕਾਂ ਪਹਿਲੂਆਂ ਨੂੰ ਵੀ ਮੂਰਤੀਮਾਨ ਕੀਤਾ ਹੈ। ਕਹਾਣੀ ਵਿੱਚ ਮੋੜ ਉਦੋਂ ਆਉਂਦਾ ਹੈ ਜਦੋਂ ਲਿੱਲੀ ਦੇ ਸਹੁਰੇ ਤੇ ਪੇਕੇ ਪਰਿਵਾਰ ਦੇ ਮੈਂਬਰ ਇਕੱਠੇ ਤੀਰਥ ਯਾਤਰਾ ਤੇ ਗਏ ਹੋਇਆ ਦਾ ਭਿਆਨਕ ਐਕਸੀਡੈਂਟ ਹੋ ਜਾਂਦਾ ਹੈ, ਜਿਸ ਵਿੱਚ ਲਿੱਲੀ ਦੇ ਪਿਤਾ ਤੇ ਸਹੁਰਿਆਂ ਵਿੱਚ ਉਸ ਦੀ ਚਾਚੀ ਸੱਸ ਦੀ ਮੌਤ ਹੋ ਜਾਂਦੀ ਹੈ। ਜਿੱਥੇ ਲਿੱਲੀ ਦੀ ਮਾਂ ਤੇ ਉਸ ਦੇ ਚਾਚੇ ਸਹੁਰੇ ਦੀ ਜ਼ਿੰਦਗੀ ਵਿੱਚ ਇੱਕਲਤਾ ਆ ਜਾਂਦੀ ਹੈ ਉੱਥੇ ਹੀ ਸਮਾਜ ਦਾ ਉਹ ਪੱਖ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ ਜਿਸ ਤਹਿਤ ਜ਼ਮੀਨ ਜਾਇਦਾਦ ਨੂੰ ਰਿਸ਼ਤਿਆਂ ਨਾਲੋਂ ਵੱਧ ਤਰਜੀਹ ਦਿੱਤੀ ਜਾਂਦੀ ਹੈ। ਲਿੱਲੀ ਦੀ ਸੱਸ

ਉਸ ਨੂੰ ਕਹਿੰਦੀ ਹੈ ਕਿ ਉਹ ਉਸ ਦੀ ਮਾਂ ਦਾ ਉਸ ਦੇ ਚਾਚੇ ਸਹੁਰੇ ਨਾਲ ਘਰ ਵਸਾ ਦੇਵੇ। ਲਿੱਲੀ ਦੀ ਸੱਸ ਕਹਿੰਦੀ ਹੈ ਕਿ, "ਮੈਂ ਸੋਚਦੀ ਸੀ ਕਿ ਕਿਉਂ ਨਾ ਆਪਾਂ ਤੇਰੇ ਚਾਚੇ ਦਾ ਘਰ ਵਸਾ ਦੇਈਏ ਪਰਿਵਾਰ ਦੀ ਇੱਜ਼ਤ ਵੀ ਘਰ ਵਿੱਚ ਹੀ ਰਹਿ ਜਾਊਗੀ ਨਾਲੇ ਆਪਣੇ ਨਾਲ ਚਾਚੇ ਦਾ ਵੰਡ ਵੰਡਈਆ ਵੀ ਮੁੱਕ ਜਾਊਗਾ"[4] ਲਿੱਲੀ ਦੀ ਮਾਂ ਆਪਣੀ ਧੀ ਦੇ ਘਰ ਰਹਿਣਾ ਪ੍ਰਵਾਨ ਕਰ ਲੈਂਦੀ ਹੈ ,ਪਰ ਰਿਸ਼ਤਿਆਂ ਦੀ ਪਵਿੱਤਰਤਾ ਨੂੰ ਕਾਇਮ ਰੱਖਦੇ ਹੋਏ ਲਿੱਲੀ ਦੇ ਚਾਚੇ ਨੂੰ ਆਪਣਾ ਭਰਾ ਬਣਾ ਕੇ ਉਸ ਦੇ ਜੀਵਨ ਦੀ ਇਕੱਲਤਾ ਨੂੰ ਇੱਕ ਨਵੇਂ ਰਿਸ਼ਤੇ ਰਾਹੀਂ ਖ਼ੁਸ਼ੀਆਂ ਵਿੱਚ ਬਦਲ ਦਿੰਦੀ ਹੈ।

ਪੁਸਤਕ ਦੇ ਸਿਰਲੇਖ ਵਾਲੀ ਕਹਾਣੀ 'ਸੰਤਾਪੇ ਲੋਕ' ਵਿਚਾਰਾਂ ਦੀ ਸਿਖ਼ਰ ਹੈ ਜੋ ਕਹਾਣੀਕਾਰ ਨੂੰ ਵਧਾਈ ਦੀ ਪਾਤਰ ਬਣਾਉਂਦੀ ਹੈ। ਸਮਾਜ ਦੀਆਂ ਕੁਰੀਤੀਆਂ ਜਾਂ ਰਿਸ਼ਤਿਆਂ ਤੇ ਵਿਚਾਰ ਕਰਦਿਆਂ ਅਸੀਂ ਕਦੇ ਖੁਸਰੇ ਵਰਗ ਬਾਰੇ ਸੋਚਣ ਦਾ ਯਤਨ ਹੀ ਨਹੀਂ ਕੀਤਾ। ਕਹਾਣੀਕਾਰਾ ਦੁਆਰਾ ਇੱਕ ਖੁਸਰੇ ਨੂੰ ਚੇਤੰਨ ਕਰਨ ਦਾ ਕੰਮ ਉਸ ਵਿੱਚ ਕੁਝ ਕਰਨ ਦਾ ਜਜ਼ਬਾ ਪੈਦਾ ਕਰਨ ਦੀ ਮੁਹਾਰਤ ਤੇ ਸੰਸਾਰ ਵਿੱਚ ਆਏ ਹਰ ਜੀਵ ਨੂੰ ਜ਼ਿੰਦਗੀ ਜਿਊਣ ਦਾ ਮਕਸਦ ਦੱਸ ਕੇ ਸਰਾਪੇ ਲੋਕਾਂ ਦੇ ਸਰਾਪ ਨੂੰ ਦੂਰ ਕਰਨ ਦੀ ਜੋ ਕੋਸ਼ਿਸ਼ ਕੀਤੀ ਗਈ ਹੈ, ਉਹ ਕਾਬਲੇ ਤਾਰੀਫ਼ ਹੈ। ਕਿਉਂਕਿ ਕਲਮ ਜੋ ਲੰਮਾ ਪੈਂਡਾ ਤੈਅ ਕਰਕੇ ਕੋਰੇ ਕਾਗਜ਼ਾਂ ਦਾ ਢਿੱਡ ਭਰਦੀ ਹੈ ਉਹ ਆਮ ਇਨਸਾਨ ਨੂੰ ਜੀਵਨ ਸੇਧ ਵੀ ਦਿੰਦੀ ਹੈ। ਜਿਸ ਵਿੱਚ ਕਹਾਣੀਕਾਰਾ ਦਾ ਸਮਾਜ ਦੇ ਬੇਘਰੇ ਲੋਕਾਂ ਪ੍ਰਤੀ ਧਿਆਨ ਦਿਵਾਉਣ ਅਤੇ ਉਨ੍ਹਾਂ ਨੂੰ ਸਮਝਾ ਕੇ ਭੀਖ ਛੱਡ ਕੇ ਕਿਰਤ ਵੱਲ ਪ੍ਰੇਰਿਤ ਕਰਨਾ ਇੱਕ ਵਧੀਆ ਯਤਨ ਹੈ। ਕਹਾਣੀ ਵਿੱਚ ਅਸੀਂ ਦੇਖਦੇ ਹਾਂ ਕਿ ਰਾਣੀ ਨਾਂ ਦੇ ਖੁਸਰੇ ਦੀ ਜ਼ਿੰਦਗੀ ਵਿੱਚ ਮੈਂ ਪਾਤਰ ਦੀਆਂ ਗੱਲਾਂ ਨਾਲ ਤਬਦੀਲੀ ਆ ਜਾਂਦੀ ਹੈ। ਰਾਣੀ ਜੋ ਕਿ ਬੀਏ ਪਾਸ ਸੀ, ਪਰ ਘਰ-ਘਰ ਜਾ ਕੇ ਮੰਗ ਕੇ ਜਾਂ ਖੁਸ਼ੀ ਚ ਨੱਚ ਕੇ ਪੈਸਾ ਇਕੱਠਾ ਕਰਦੀ ਸੀ। ਮੈਂ ਪਾਤਰ ਰਾਣੀ ਦੀ ਮਾਨਸਿਕਤਾ ਨੂੰ ਹਲੂਣਦਿਆਂ ਕਹਿੰਦੀ ਹੈ, "ਅਜਿਹੀ ਗੱਲ ਨਹੀਂ ਕਿ ਤੁਸੀਂ ਚੇਤੰਨ ਨਹੀਂ ਹੋ ਜੇਕਰ ਉਸ ਚੇਤਨਤਾ ਨੂੰ ਸਵੈਮਾਨ ਨਾਲ ਜੋੜ ਕੇ ਜੀਵਨ ਜਿਉਣ ਦੀ ਜੁਗਤ ਬਣਾਈ ਜਾਵੇ ਤਾਂ ਇੱਕ ਸ਼ਲਾਘਾਯੋਗ ਕੰਮ ਹੈ"[5] ਮੈਂ ਪਾਤਰ ਕਿਸੇ ਮੋਬਾਇਲ ਕੰਪਨੀ ਦੇ ਉਸ ਵਰਗੇ ਹੀ ਸੀ. ੳ ਦੀ ਗੱਲ ਸੁਣਾਉਂਦੀ ਹੈ ਜਿਸ ਨੇ ਕਿ ਸੰਤਾਪੇ ਹੋਣ ਨੂੰ ਇਸ਼ਟ ਦਾ ਸਭ ਤੋਂ ਵੱਡਾ ਤੋਹਫ਼ਾ ਸਮਝਿਆ ਸੀ ਅਤੇ ਆਪਣੀ ਮਿਹਨਤ ਦੇ ਜ਼ਰੀਏ ਏਡਾ ਵੱਡਾ ਮੁਕਾਮ ਹਾਸਲ ਕੀਤਾ ਸੀ।

ਇਹ ਸ਼ਬਦ ਰਾਣੀ ਦੀ ਮਾਨਸਿਕਤਾ ਨੂੰ ਬਦਲਣ ਵਿੱਚ ਸਫ਼ਲ ਹੋ ਜਾਂਦੇ ਹਨ ਅਤੇ ਉਹ ਕਿਸੇ ਮੁਕਾਮ ਨੂੰ ਹਾਸਲ ਕਰਨ ਲਈ ਦ੍ਰਿੜ੍ਹ ਨਿਸ਼ਚਾ ਧਾਰ ਲੈਂਦੀ ਹੈ।

ਉਪਰੋਕਤ ਸਾਰੀ ਚਰਚਾ ਨੂੰ ਸਮੇਟਦਿਆਂ ਕਿਹਾ ਜਾ ਸਕਦਾ ਹੈ ਕਿ ਮਧੂਬਾਲਾ ਇੱਕ ਵਿਸ਼ੇਸ਼ ਕਹਾਣੀਕਾਰਾ ਹੈ, ਜਿਸ ਦੀਆਂ ਰਚੀਆਂ ਕਹਾਣੀਆਂ ਵਿੱਚ ਉਤਸੁਕਤਾ ਵਧੇਰੇ ਹੈ ਜੋ ਪਾਠਕ ਨੂੰ ਅੱਗੇ ਕੀ ਹੋਇਆ ਜਾਣਨ ਲਈ ਰੁਚਿਤ ਕਰਦੀ ਹੈ। ਕਹਾਣੀਕਾਰਾ ਸਮਾਜ ਵਿਚਲੀਆਂ ਹਲਕੀਆਂ ਫੁਲਕੀਆਂ ਘਟਨਾਵਾਂ ਨੂੰ ਬੜੇ ਹੀ ਰੌਚਕਮਈ ਢੰਗ ਨਾਲ ਪੇਸ਼ ਕਰਨ ਵਿੱਚ ਮਾਹਰ ਹੈ। ਸੰਤਾਪੇ ਲੋਕ ਕਹਾਣੀ ਸੰਗ੍ਰਹਿ ਵਿਚਲੀਆਂ ਸਾਰੀਆਂ ਕਹਾਣੀਆਂ ਪਾਠਕਾਂ ਦੇ ਮਨ ਉੱਤੇਅਮਿੱਟ ਛਾਪ ਛੱਡਦੀਆਂ ਹਨ ਅਤੇ ਸਮਾਜਿਕ ਯਥਾਰਥ ਨੂੰ ਬਾਖ਼ੂਬੀ ਰੂਪਮਾਨ ਕਰਦੀਆਂ ਹਨ।

## ਹਵਾਲੇ ਤੇ ਟਿੱਪਣੀਆਂ


1. ਡਾ. ਮਧੂ ਬਾਲਾ, ਸੰਤਾਪੇ ਲੋਕ, ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ , 2015, ਪੰਨਾ11
2. ਉਹੀ, ਪੰਨਾ 23
3. ਉਹੀ, ਪੰਨਾ 50
4. ਉਹੀ, ਪੰਨਾ 30
5. ਉਹੀ, ਪੰਨਾ 90